# ਕੋਵਿਡ-19 ਮਹਾਂਮਾਰੀ ਦੌਰਾਨ ਕਰਮਚਾਰੀ ਦੀ ਜਵਾਬੀ ਬਦਲੇ ਤੋਂ ਸੁਰੱਖਿਆ

ਤੁਹਾਡੀ ਕਨੂੰਨ ਦੁਆਰਾ ਸੁਰੱਖਿਆ ਕੀਤੀ ਜਾਂਦੀ ਹੈ। ਲੇਬਰ ਕਮੀਸ਼ਨ ਦਾ ਦਫ਼ਤਰ ਮਦਦ ਕਰ ਸਕਦਾ ਹੈ।

## ਜਵਾਬੀ ਬਦਲਾ ਕੀ ਹੈ?

ਜੇ ਤੁਹਾਨੂੰ ਨੌਕਰੀ ਤੋਂ ਕੱਢਿਆ ਜਾਂਦਾ ਹੈ, ਜਾਂ ਤੁਹਾਡੀ ਤਨਖਾਹ ਜਾਂ ਕਾਰਜ ਸਮਾਂ, ਕੈਲੀਫੋਰਨੀਆ ਕਨੂੰਨਾਂ ਤਹਿਤ ਕਿਰਤ ਅਧਿਕਾਰਾਂ ਦੀ ਇਸਤੇਮਾਲ ਕਰਨ ਲਈ, ਘਟਾ ਦਿੱਤਾ ਜਾਂਦਾ ਹੈ, ਤਾਂ ਇਸਨੂੰ ਜਵਾਬੀ ਬਦਲਾ ਕਹਿੰਦੇ ਹਨ, ਅਤੇ ਇਹ ਗੈਰ-ਕਨੂੰਨੀ ਹੈ। ਤੁਹਾਡੇ ਰੁਜ਼ਗਾਰਦਾਤਾ ਲਈ ਇਹ ਵੀ ਗੈਰ-ਕਨੂੰਨੀ ਹੈ ਜਦੋਂ ਉਹ ਤੁਹਾਡੇ ਦੁਆਰਾ ਕੈਲੀਫੋਰਨੀਆ ਕਨੂੰਨਾਂ ਦਾ ਪਾਲਣਾ ਕੀਤੇ ਜਾਣ ਲਈ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਤੁਹਾਡੀ ਰਿਪੋਰਟ ਕਰਨ ਦੀ ਧਮਕੀ ਦਏ। ਕੈਨੀਫੋਰਨੀਆ ਦੇ ਸਾਰੇ ਕਰਮਚਾਰੀਆਂ ਦੀ ਸੁਰੱਖਿਆ, ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਤੋਂ ਬੇਪਰਵਾਹ, ਕਿਰਤ ਕਨੂੰਨਾਂ ਦੁਆਰਾ ਕੀਤੀ ਜਾਂਦੀ ਹੈ, ਜਿਸ ਵਿੱਚ ਜਵਾਬੀ ਬਦਲੇ ਦੀਆਂ ਸੁਰੱਖਿਆਵਾਂ ਸ਼ਾਮਲ ਹਨ। ਕੋਵਿਡ-19 ਮਹਾਂਮਾਰੀ ਦੇ ਦੌਰਾਨ ਇਹ ਲਗਾਤਾਤਰ ਤੁਹਾਡੇ ਅਧਿਕਾਰ ਅਤੇ ਸੁਰੱਖਿਆਵਾਂ ਬਣੇ ਰਹਿਣਗੇ/ਰਹਿਣਗੀਆਂ।

ਗਤੀਵਿਧੀਆਂ ਜਿਨ੍ਹਾਂ ਨੂੰ ਕੈਲੀਫੋਰਨੀਆ ਕਨੂੰਨ ਦੇ ਤਹਿਤ ਜਵਾਬੀ ਬਦਲੇ ਤੋਂ ਸੁਰੱਖਿਅਤ ਕੀਤਾ ਜਾਂਦਾ ਹੈ ਉਨ੍ਹਾਂ ਵਿੱਚ ਸ਼ਾਮਲ ਹਨ:

- ਅਸੁਰੱਖਿਅਤ ਸਥਿਤੀਆਂ ਜਾਂ ਭੁਗਤਾਨ-ਰਹਿਤ ਭੱਤਿਆਂ ਬਾਰੇ ਗੱਲ ਕਰਨਾ
- ਅਸੁਰੱਖਿਅਤ ਸਥਿਤੀਆਂ ਵਿੱਚ ਕੰਮ ਤੋਂ ਇਨਕਾਰ ਕਰਨਾ
- ਅਸੁਰੱਖਿਅਤ ਕਾਰਜਸਥਾਨ ਜਾਂ ਕਿਰਤ ਉਲੰਘਣ ਦੀ ਰਿਪੋਰਟ ਕਰਨਾ
- ਭੁਗਤਾਨ-ਰਹਿਤ ਭੱਤਿਆਂ ਲਈ ਭੱਤਾ ਦਾਅਵਾ ਫਾਈਲ ਕਰਨਾ
- ਤੁਹਾਡੇ ਰੁਜ਼ਗਾਰਦਾਤਾ ਦੀ ਤਹਿਕੀਕਾਤ ਵਿੱਚ ਸਹਿਯੋਗ ਕਰਨਾ

## ਕੀ ਹੁੰਦਾ ਹੈ ਜੇ ਮੇਰਾ ਰੁਜ਼ਗਾਰਦਾਤਾ ਮੇਰਾ ਕਾਰਜ-ਸਮਾਂ ਘਟਾ ਦਿੰਦਾ ਹੈ, ਮੈਨੂੰ ਨੌਕਰੀ ਤੋਂ ਕੱਢ ਦਿੰਦਾ ਹੈ ਜਾਂ ਇਮੀਗ੍ਰੇਸ਼ਨ ਨੂੰ ਕਾਲ ਕਰਨ ਦੀ ਧਮਕੀ ਦਿੰਦਾ ਹੈ?

ਜੇ ਕੋਈ ਰੁਜ਼ਗਾਰਦਾਤਾ ਤੁਹਾਨੂੰ ਸਜ਼ਾ ਦਿੰਦਾ ਹੈ, ਤਾਂ ਉਨ੍ਹਾਂ ਨੂੰ ਤੁਹਾਨੂੰ ਦੁਬਾਰਾ ਕੰਮ 'ਤੇ ਰੱਖਣ, ਤੁਹਾਡੀ ਖੋਈ ਤਨਖਾਹ ਦਾ ਭੁਗਤਾਨ ਕਰਨਾ ਅਤੇ/ਜਾਂ ਜੁਰਮਾਨਾ ਭਰਣ ਦੀ ਲੋੜ ਹੋ ਸਕਦੀ ਹੈ।

## ਜਵਾਬੀ ਬਦਲੇ ਦੀ ਸ਼ਿਕਾਇਤ ਕਿਵੇਂ ਫਾਈਲ ਕੀਤੀ ਜਾਏ:

ਲੇਬਰ ਕਮੀਸ਼ਨ ਦਾ ਦਫ਼ਤਰ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਬਾਰੇ ਨਹੀਂ ਪੁੱਛੇਗਾ ਜਾਂ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਦੀ ਰਿਪੋਰਟ ਹੋਰਨਾਂ ਸਰਕਾਰੀ ਏਜੰਸੀਆਂ ਨੂੰ ਨਹੀਂ ਕਰੇਗਾ।

- ਇੱਥੇ ਆਨਲਾਈਨ **dir.ca.gov/dlse/dlseRetaliation.html**
- ਲੇਬਰ ਕਮੀਸ਼ਨ ਦੇ ਦਫ਼ਤਰ ਦੀ ਕਿਸੇ ਵੀ ਲੋਕੇਸ਼ਨ 'ਤੇ ਵਿਅਕਤੀਗਤ ਤੌਰ 'ਤੇ **dir.ca.gov/dlse/districtoffices.htm** 'ਤੇ ਇਸਨੂੰ ਲੱਭੋ
- **833-526-4636** 'ਤੇ ਫ਼ੋਨ ਦੁਆਰਾ
- **retaliation@dir.ca.gov** 'ਤੇ ਈਮੇਲ ਦੁਆਰਾ

### ਖੁਦ ਨੂੰ ਜਵਾਬੀ ਬਦਲੇ ਤੋਂ ਬਚਾਉਣ ਲਈ ਸਰਵੋਤਮ ਅਭਿਆਸ:

**ਦਸਤਾਵੇਜ਼ਿਤ ਕਰੋ**

- ਰੁਜ਼ਗਾਰ ਸਥਿਤੀਆਂ ਵਿੱਚ ਤਬਦੀਲੀਆਂ
- ਕਿਸੇ ਵੀ ਧਮਕੀਆਂ ਦੇ ਵੇਰਵੇ
- ਤੁਹਾਡੇ ਅਤੇ ਤੁਹਾਡੇ ਰੁਜ਼ਗਾਰਦਾਤਾ ਦੇ ਵਿੱਚ ਗੱਲਬਾਤ

**ਪਛਾਣ ਕਰੋ**

- ਗਵਾਹ ਜਿਨ੍ਹਾਂ ਨੇ ਸੁਣਿਆ ਜਾਂ ਦੇਖਿਆ

**ਫਾਈਲ ਕਰੋ**

- ਜਵਾਬੀ ਬਦਲੇ ਦੀ ਕਿਰਿਆ ਦੇ ਇੱਕ ਸਾਲ ਦੇ ਅੰਦਰ
- ਦਸਤਾਵੇਜ਼ਾਂ ਜਾਂ ਜਾਣਕਾਰੀ ਨੂੰ ਲੇਬਰ ਕਮੀਸ਼ਨ ਦੇ ਦਫ਼ਤਰ ਵਿਖੇ ਜਮ੍ਹਾਂ ਕਰਵਾਓ
- ਜੇ ਤੁਹਾਨੂੰ ਕਿਸੇ ਮਦਦ, ਆਦਿ ਦੀ ਲੋੜ ਹੈ ਤਾਂ ਕਾਲ ਜਾਂ ਈਮੇਲ ਕਰੋ।

SAFER AT WORK
CALIFORNIA ALL
saferatwork.ca.gov